7/60/2006-5ਪੀ.ਪੀ.1/876

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਸੀ-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟ੍ਰੇਟ(ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ 20-12-2011

ਵਿਸ਼ਾ : ਮਿਤੀ 25.9.1998 (ਏ.ਸੀ.ਪੀ. ਸਕੀਮ 8,16,24,32), ਮਿਤੀ 3.11.2006 ਅਤੇ 17.4.2000 ਦੀ ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ ਮਿਤੀ 28.5.2009 ਤੋਂ ਮੁੜ ਸੁਰਜੀਤ ਕਰਨ ਬਾਰੇ।

***

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/60/2006-5ਪੀ.ਪੀ.1/15963, ਮਿਤੀ 3.11.2006 ਰਾਹੀਂ 4,9 ਅਤੇ 14 ਸਾਲਾ ਐਸ਼ੋਅਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ (ਏ.ਸੀ.ਪੀ. ਸਕੀਮ) ਮਿਤੀ 1-11-2006 ਤੋਂ ਲਾਗੂ ਕੀਤੀ ਗਈ ਸੀ ਅਤੇ ਇਹ ਸਕੀਮ ਇਸ ਵਿਭਾਗ ਦੇ ਪੱਤਰ 7/37/98-5ਪੀ.ਪੀ.1/12851, ਮਿਤੀ 25.09.1998 ਰਾਹੀਂ ਪਹਿਲਾ ਜਾਰੀ 8-16-24-32 ਸਾਲਾਂ ਏ.ਸੀ.ਪੀ. ਸਕੀਮ ਦੀ ਆਪਸ਼ਨਲ ਸੀ। ਇਨ੍ਹਾਂ ਸਕੀਮਾਂ ਤੋਂ ਇਲਾਵਾ ਮਿਤੀ 31.12.1995 ਨੂੰ 2200-4000 ਦੇ ਸਕੇਲ ਵਿੱਚ ਸਿੱਧੀ ਭਰਤੀ ਰਾਹੀਂ ਆਉਂਦੇ 11 ਕੈਟਾਗਰੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਵੱਖਰੇ ਤੌਰ ਤੇ ਲਾਗੂ 4-9-14 ਸਾਲਾਂ ਏ.ਸੀ.ਪੀ.ਸਕੀਮ ਇਸ ਵਿਭਾਗ ਦੇ ਪੱਤਰ, ਮਿਤੀ 17.4.2000 ਰਾਹੀਂ ਜਾਰੀ ਕੀਤੀ ਗਈ ਸੀ। ਇਨ੍ਹਾਂ ਸਾਰੀਆਂ ਏ.ਸੀ.ਪੀ. ਸਕੀਮਾਂ ਨੂੰ ਇਸ ਵਿਭਾਗ ਦੇ ਗਸ਼ਤੀ ਪੱਤਰ 7/70/09-5ਪੀਪੀ1/748 ਮਿਤੀ 3-2-2010 ਰਾਹੀਂ ਮਿਤੀ 27-5-2009 ਤੋਂ ਰੋਕ ਵਿਚ ਰੱਖ ਲਿਆ ਗਿਆ ਸੀ ਕਿਉਂਕਿ 5ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਸਨਮੁੱਖ ਇਨ੍ਹਾਂ ਦੀ ਥਾਂ ਤੇ ਨਵੇਂ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ਼ ਬਣਾਉਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ। ਇਹ ਰੂਲਜ ਇਸ ਵਿਭਾਗ ਦੀ ਨੋਟੀਫਿਕੇਸ਼ਨ ਮਿਤੀ 22-7-2011 ਰਾਹੀਂ ਮਿਤੀ 28-5-2009 ਤੋਂ ਲਾਗੂ ਕੀਤੇ ਗਏ ਸਨ ਪਰੰਤੂ ਬਾਅਦ ਵਿਚ ਨੋਟੀਫਿਕੇਸ਼ਨ, ਮਿਤੀ 17-11-2011 ਰਾਹੀਂ ਮਿਤੀ 1.12.2011 ਤੋਂ ਰੀਪੀਲ (Repeal) ਕਰ ਦਿੱਤੇ ਗਏ ਸਨ ਅਤੇ ਨਾਲ ਹੀ ਇਸ ਵਿਭਾਗ ਦੇ ਉਕਤ ਗਸ਼ਤੀ ਪੱਤਰ ਨੰ:7/60/2006-5ਪੀ.ਪੀ.1/15963,

ਮਿਤੀ 3-11-2006 ਰਾਹੀਂ ਜਾਰੀ ਕੀਤੀ ਪਹਿਲੀ ਏ.ਸੀ.ਪੀ. ਸਕੀਮ ਨੂੰ ਮਿਤੀ 01.12.2011 ਤੋਂ ਮੁੜ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ ਸੀ।

2. ਹੁਣ ਸਰਕਾਰ ਵੱਲੋਂ ਇਸ ਮਾਮਲੇ ਤੇ ਮੁੜ ਵਿਚਾਰ ਕਰਦੇ ਹੋਏ ਮਿਤੀ 3.11.2006 ਦੀ ਏ.ਸੀ.ਪੀ. ਸਕੀਮ ਨੂੰ ਮਿਤੀ 1.12.2011 ਦੀ ਬਜਾਏ *ਮਿਤੀ 28.5.2009 ਤੋਂ ਮੁੜ ਬਹਾਲ ਕੀਤਾ ਜਾਂਦਾ ਹੈ ਅਤੇ ਇਸ ਸਕੀਮ ਦੇ ਤਹਿਤ ਬਣਦਾ ਲਾਭ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਨੂੰ ਬਣਦੇ ਬਕਾਏ ਦੀ ਅਦਾਇਗੀ ਵੀ ਕੀਤੀ ਜਾਵੇਗੀ। ਇਸ ਤਰ੍ਹਾਂ ਸੋਧੀ ਹੋਈ ਨਵੀਂ ਸਕੀਮ ਭਾਵ ਪੰਜਾਬ ਸਿਵਲ ਸੇਵਾਵਾਂ (ਐਸ਼ੋਰਡ ਕੈਰੀਅਰ ਪ੍ਰੋਗਰੈਸ਼ਨ) ਰੂਲਜ਼, 2011, ਜੋ ਕਿ ਮਿਤੀ 22 ਜੁਲਾਈ, 2011 ਦੀ ਨੋਟੀਫਿਕੇਸ਼ਨ ਰਾਹੀਂ ਜਾਰੀ ਕੀਤੀ ਗਈ ਸੀ, ਰੱਦ (Rescind) ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮਿਤੀ 25.9.1998 ਅਤੇ ਮਿਤੀ 17.4.2000 ਨੂੰ ਜਾਰੀ ਕੀਤੀਆਂ ਏ.ਸੀ.ਪੀ. ਸਕੀਮਾਂ ਵੀ ਮਿਤੀ 28 ਮਈ, 2009 ਤੋਂ ਮੁੜ ਬਹਾਲ ਕੀਤੀਆਂ ਜਾਂਦੀਆਂ ਹਨ।*

3. ਉਪਰੋਕਤ ਤੋਂ ਇਲਾਵਾ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਤੇ ਕੁੱਝ ਹੋਰ ਸ਼੍ਰਣੀਆਂ ਦੇ ਅਧਿਕਾਰੀਆਂ ਤੇ ਲਾਗੂ ਡਾਇਨੈਮਿਕ ਏ.ਸੀ.ਪੀ.ਸਕੀਮ (Dynamic A.C.P.Scheme) ਦੇ ਤਹਿਤ ਦਿੱਤਾ ਜਾਂਦਾ ਲਾਭ ਕ੍ਰਮਵਾਰ 4-9-14 ਸਾਲ ਦੀ ਸੇਵਾ ਪੂਰੀ ਕਰਨ ਦੀ ਮਿਤੀ ਤੋਂ ਬਾਅਦ ਆਉਣ ਵਾਲੇ ਜਨਵਰੀ ਮਹੀਨੇ ਦੀ ਪਹਿਲੀ ਤਰੀਕ ਤੋਂ ਦੇਣ ਦੀ ਬਜਾਏ ਹੁਣ ਇਹ ਲਾਭ 4-9-14 ਸਾਲ ਦੀ ਸੇਵਾ ਮੁਕੰਮਲ ਹੋਣ ਉਪਰੰਤ ਤੁਰੰਤ ਮਿਤੀ ਤੋਂ ਦਿੱਤਾ ਜਾਵੇਗਾ। ਇਹ ਫੈਸਲ ਮਿਤੀ 1 ਦਸੰਬਰ, 2011 ਤੋਂ ਲਾਗੂ ਹੋਵੇਗਾ।

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦਪ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਵੱਲ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 7/60/2006-5ਪੀ.ਪੀ.1/ 877 ਮਿਤੀ, ਚੰਡੀਗੜ੍ਹ: 20-12-2011

ਪਿੱ.ਅੰ.ਨੰ : 7/60/2006-5ਪੀ.ਪੀ.1/ 878-879 ਮਿਤੀ, ਚੰਡੀਗੜ੍ਹ: 20-12-2011

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ, ਅਤੇ
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਪ੍ਰਸੋਨਲ